# ਭੇਡ, ਬੱਕਰੀ ਪਾਲਣ ਲਈ ਐਨ ਐਲ ਐਮ ਤਹਿਤ ਸਬਸਿਡੀ ਹੁਣ ਛੋਟੇ ਫਾਰਮਾਂ ਲਈ ਵੀ ਸੁਲੱਭ

ਭੇਡ ਅਤੇ ਬੱਕਰੀ ਪਾਲਣ ਵਿੱਚ ਲੱਗੇ ਉੱਦਮੀਆਂ ਦੀ ਮਦਦ ਕਰਨ ਲਈ ਭਾਰਤ ਸਰਕਾਰ ਦੇ ਰਾਸ਼ਟਰੀ ਪਸ਼ੂ ਧਨ ਮਿਸ਼ਨ (ਐਨ ਐਲ ਐਮ) ਦੇ ਸੰਚਾਲਨ ਦਿਸ਼ਾ-ਨਿਰਦੇਸ਼ਾਂ ਵਿੱਚ ਸੋਧਾਂ ਕੀਤੀਆਂ ਗਈਆਂ ਹਨ।

ਹੁਣ ਯੋਗ ਲਾਭਪਾਤਰੀ ਭੇਡ/ਬੱਕਰੀ ਦਾ ਛੋਟਾ ਫਾਰਮ ਸਥਾਪਤ ਕਰਨ ਲਈ ਵੀ ਐਨ ਐਲ ਐਮ ਦੇ ਪਸ਼ੂ ਧਨ ਅਤੇ ਮੁਰਗੀ ਪਾਲਣ ਦੇ ਨਸਲ ਵਿਕਾਸ ਉਪ-ਮਿਸ਼ਨ ਤਹਿਤ ਪੂੰਜੀ ਲਾਗਤ ਦੇ 50% ਤੱਕ ਦੀ ਸਬਸਿਡੀ ਪ੍ਰਾਪਤ ਕਰ ਸਕਦੇ ਹਨ।

ਹੁਣ ਉੱਦਮੀ 100 ਮਾਦਾ ਅਤੇ ਪੰਜ ਨਰ ਵਾਲੇ ਭੇਡ/ਬੱਕਰੀ ਫਾਰਮ ਲਈ 10 ਲੱਖ ਰੁਪਏ ਤੱਕ ਦੀ ਸਬਸਿਡੀ ਪ੍ਰਾਪਤ ਕਰ ਸਕਦੇ ਹਨ। ਪਹਿਲਾਂ, ਸਬਸਿਡੀ ਸਿਰਫ਼ 500 ਮਾਦਾ ਅਤੇ 25 ਨਰ ਵਾਲੇ ਭੇਡ/ਬੱਕਰੀ ਫਾਰਮ ਲਈ ਉਪਲਬਧ ਸੀ।

ਇਹ ਸਕੀਮ 2021-22 ਵਿੱਤੀ ਸਾਲ ਵਿੱਚ ਪੂਰੇ ਭਾਰਤ ਵਿੱਚ ਲਾਗੂ ਕੀਤੀ ਗਈ ਸੀ। ਇਹ ਸਕੀਮ ਰਾਜ ਦੇ ਪਸ਼ੂ ਪਾਲਣ ਵਿਭਾਗ ਦੀ ਰਾਜ ਲਾਗੂਕਰਨ ਏਜੰਸੀ ਅਤੇ ਭਾਰਤ ਸਰਕਾਰ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਰਾਹੀਂ ਲਾਗੂ ਕੀਤੀ ਜਾ ਰਹੀ ਹੈ।

### ਭੇਡ/ਬੱਕਰੀ ਫਾਰਮ ਦੀ ਸਥਾਪਨਾ ਲਈ ਸਬਸਿਡੀ ਦੇ ਸੋਧੇ ਹੋਏ ਮਾਪਦੰਡ

| **ਬੱਕਰੀ/ਭੇਡ ਫਾਰਮ ਲਈ ਯੂਨਿਟ ਦਾ ਆਕਾਰ** | **ਪੂੰਜੀ ਸਬਸਿਡੀ ਦੀ ਵੱਧ ਤੋਂ ਵੱਧ ਰਕਮ** |
|---|---|
| 100 ਮਾਦਾ ਅਤੇ 5 ਨਰ | 10 ਲੱਖ ਰੁਪਏ |
| 200 ਮਾਦਾ ਅਤੇ 10 ਨਰ | 20 ਲੱਖ ਰੁਪਏ |
| 300 ਮਾਦਾ ਅਤੇ 15 ਨਰ | 30 ਲੱਖ ਰੁਪਏ |

| | |
|---|---|
| 400 ਮਾਦਾ ਅਤੇ 20 ਨਰ | 40 ਲੱਖ ਰੁਪਏ |
| 500 ਮਾਦਾ ਅਤੇ 25 ਨਰ | 50 ਲੱਖ ਰੁਪਏ |

## ਸਕੀਮ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ

- ਨਿਜੀ ਵਿਅਕਤੀਆਂ, ਕਿਸਾਨ ਉਤਪਾਦਕ ਸੰਗਠਨਾਂ (ਐਫ ਪੀ ਓ), ਕਿਸਾਨ ਸਹਿਕਾਰੀ ਸੰਸਥਾਵਾਂ (ਐਫ ਸੀ ਓ), ਸੰਯੁਕਤ ਦੇਣਦਾਰੀ ਸਮੂਹਾਂ (ਜੇ ਐਲ ਜੀ), ਸਵੈ-ਸਹਾਇਤਾ ਸਮੂਹਾਂ (ਐਸ ਐਚ ਜੀ) ਅਤੇ ਸੈਕਸ਼ਨ 8 ਕੰਪਨੀਆਂ ਨੂੰ ਇੱਕ-ਮੁਸ਼ਤ ਪੂੰਜੀ ਸਬਸਿਡੀ ਰਾਹੀਂ ਉੱਦਮੀਆਂ ਦੀ ਸਿਰਜਣਾ।
- ਉੱਦਮੀ/ਯੋਗ ਸੰਸਥਾਵਾਂ ਘੱਟੋ-ਘੱਟ 100 ਨਰ ਅਤੇ 5 ਮਾਦਾ ਦੇ ਨਾਲ ਭੇਡ ਅਤੇ ਬੱਕਰੀ ਪਾਲਣ ਦੀਆਂ ਇਕਾਈਆਂ ਸਥਾਪਿਤ ਕਰ ਸਕਦੀਆਂ ਹਨ। ਮਿਆਰੀ ਦੁੱਧ, ਮੀਟ ਅਤੇ ਉੱਨ ਪੈਦਾ ਕਰਨ ਲਈ ਉੱਚ-ਆਨੁਵੰਸ਼ਿਕ ਨਸਲ ਦੀਆਂ ਭੇਡ ਅਤੇ ਬੱਕਰੀ ਇਕਾਈਆਂ ਸਥਾਪਿਤ ਕਰਨਾ।
- ਕੇਂਦਰ ਸਰਕਾਰ ਪ੍ਰਾਜੈਕਟ ਦੀ ਪੂੰਜੀ ਲਾਗਤ ਲਈ 50% ਤੱਕ ਬੈਕ-ਐਂਡਿਡ ਸਬਸਿਡੀ ਪ੍ਰਦਾਨ ਕਰੇਗੀ।
- ਉੱਦਮੀਆਂ/ਯੋਗ ਸੰਸਥਾਵਾਂ ਨੂੰ ਬੈਂਕ ਕਰਜ਼ੇ ਜਾਂ ਵਿੱਤੀ ਸੰਸਥਾ ਜਾਂ ਸਵੈ-ਵਿੱਤ ਰਾਹੀਂ ਬਾਕੀ ਰਕਮ ਦਾ ਪ੍ਰਬੰਧ ਕਰਨਾ ਹੋਵੇਗਾ।

## ਯੋਗ ਲਾਭਪਾਤਰੀ

ਨਿਜੀ ਵਿਅਕਤੀ, ਕਿਸਾਨ ਉਤਪਾਦਕ ਸੰਸਥਾਵਾਂ (ਐਫ ਪੀ ਓ), ਕਿਸਾਨ ਸਹਿਕਾਰੀ ਸੰਸਥਾਵਾਂ (ਐਫ ਸੀ ਓ), ਸੰਯੁਕਤ ਦੇਣਦਾਰੀ ਸਮੂਹ (ਜੇ ਐਲ ਜੀ), ਸਵੈ-ਸਹਾਇਤਾ ਸਮੂਹ (ਐਸ ਐਚ ਜੀ) ਅਤੇ ਸੈਕਸ਼ਨ 8 ਕੰਪਨੀਆਂ।

## ਲਾਗੂ ਕਰਨ ਵਾਲੀਆਂ ਏਜੰਸੀਆਂ

ਰਾਜ ਦੇ ਪਸ਼ੂ ਪਾਲਣ ਵਿਭਾਗ ਦੀ ਰਾਜ ਲਾਗੂਕਰਨ ਏਜੰਸੀ ਅਤੇ ਭਾਰਤ ਸਰਕਾਰ ਦਾ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ।

**ਪ੍ਰਾਜੈਕਟ ਦੀ ਨਿਗਰਾਨੀ**

ਐਸ ਆਈ ਐ ਇਸਦੇ ਸੰਚਾਲਨ ਦੇ ਸਬੰਧ ਵਿੱਚ ਪੂਰਾ ਹੋਣ ਤੋਂ ਬਾਅਦ ਦੋ ਸਾਲਾਂ ਦੀ ਮਿਆਦ ਲਈ ਪ੍ਰਾਜੈਕਟ ਦੀ ਨਿਗਰਾਨੀ ਕਰੇਗੀ।

ਸਕੀਮ ਬਾਰੇ ਪੂਰੀ ਜਾਣਕਾਰੀ ਵੈੱਬਸਾਈਟ https://dahd.nic.in/schemes/programmes/national_livestock_mission 'ਤੇ ਉਪਲਬਧ ਹੈ।